Tender Heart High School sec- 33 B Chd

Class-6 Ramandeep Kaur

Topic- ਰੌਚਕ ਪ੍ਰਸੰਗ ਪਾਠ - 4

ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫਤੇ ਅਸੀਂ ਛੇਵੀਂ ਜਮਾਤ ਦੇ ਪੰਜਾਬੀ ਵਿਸ਼ੇ ਦਾ ਲੇਖ 'ਰੌਚਕ ਪ੍ਰਸੰਗ' ਬਾਰੇ ਚਰਚਾ ਕਰਾਂਗੇ। ਇਹ ਤੁਹਾਡੀ ਪੰਜਾਬੀ ਦੀ ਪੁਸਤਕ ਸੁੱਚੇ ਮੋਤੀ ਵਿੱਚ ਪੰਨਾ ਨੰਬਰ 25 ਤੇ ਦਰਜ ਹੈ।

ਤੁਸੀਂ ਸਾਰਿਆਂ ਨੇ ਆਪਣੀ ਪਾਠ-ਪੁਸਤਕ ਸਾਹਮਣੇ ਰੱਖ ਕੇ ਇਸ ਪਾਠ ਨੂੰ ਸੁਣਨਾ ਅਤੇ ਸਮਝਣਾ ਹੈ।

ਇਹ ਬਹੁਤ ਹੀ ਰੋਚਕ ਲੇਖ ਹੈ। ਇਸ ਵਿੱਚ ਜ਼ਿੰਦਗੀ ਵਿੱਚ ਵਾਪਰੀਆਂ ਦਿਲਚਸਪ ਘਟਨਾਵਾਂ ਦਾ ਵੇਰਵਾ ਦਿੱਤਾ ਹੈ। ਉਮੀਦ ਹੈ ਤੁਹਾਨੂੰ ਇਹ ਵਧੀਆ ਲੱਗੇਗਾ।

* ਆਓ ਹੁਣ ਪੰਨਾ ਨੰਬਰ - 25 ਤੇ ਪਹੁੰਚਦੇ ਹਾਂ।

ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ।

1. ਪਾਗਲਖਾਨੇ ਦਾ ਮੁਆਇਨਾ ਕਰਨ ਕੌਣ ਗਿਆ ਸੀ?
2. ਤਾਨਸੈਨ ਕੌਣ ਸੀ?

Class-6 Ramandeep Kaur
Topic- ਰੌਚਕ ਪ੍ਰਸੰਗ ਪਾਠ - 4

3. ਤਾਨਸੈਨ ਦੇ ਗੁਰੂ ਦਾ ਕੀ ਨਾਂ ਸੀ ?

ਆਓ ਹੁਣ ਉੱਤਰ ਵਿਚਾਰਦੇ ਹਾਂ।

1. ਪਾਗਲਖਾਨੇ ਦਾ ਮੁਆਇਨਾ ਜਵਾਹਰ ਲਾਲ ਨਹਿਰੂ ਕਰਨ ਗਏ ਸੀ।

2. ਤਾਨਸੈਨ ਅਕਬਰ ਦੇ ਦਰਬਾਰ ਦਾ ਗਾਇਕ ਸੀ ਅਤੇ ਨੌਂ ਰਤਨਾਂ ਵਿੱਚੋਂ ਇੱਕ ਸਨ।

3. ਤਾਨਸੈਨ ਦੇ ਗੁਰੂ ਦਾ ਨਾਂ ਹਰੀ ਦਾਸ ਸੀ।

ਆਓ ਹੁਣ ਪੰਨਾ ਨੰਬਰ 26, 27 ਤੇ ਪੜ੍ਹਦੇ ਹਾਂ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

4. ਰਾਜਾ ਕ੍ਰਿਸ਼ਨ ਦੇਵ ਨੇ ਦਰਬਾਰੀਆਂ ਨੂੰ ਕੀ ਦੇਣ ਦਾ ਐਲਾਨ ਕੀਤਾ ?

5. ਰਾਜੇ ਨੇ ਥਾਲੀ ਵਿੱਚ ਕੀ ਰੱਖਿਆ ?

ਆਓ ਹੁਣ ਉੱਤਰ ਵਿਚਾਰਦੇ ਹਾਂ।

4. ਰਾਜਾ ਕ੍ਰਿਸ਼ਨ ਦੇਵ ਨੇ ਜਿੱਤ ਦੀ ਖੁਸ਼ੀ ਵਿੱਚ ਤੋਹਫੇ ਦੇਣ ਦਾ ਐਲਾਨ ਕੀਤਾ।

Class-6 Ramandeep Kaur

Topic- ਰੋਚਕ ਪ੍ਰਸੰਗ ਪਾਠ -4

5. ਰਾਜੇ ਨੇ ਤੇਨਾਲੀ ਰਾਮ ਦੀ ਥਾਲੀ ਵਿੱਚ ਮੋਤੀਆਂ ਦਾ ਹਾਰ ਰੱਖਿਆ ।

ਸੋ ਅਸੀਂ ਇਸ ਪਾਠ ਵਿੱਚ ਪੜ੍ਹਿਆ ਕਿ ਕਈ ਵਾਰ ਹਾਜ਼ਰ - ਜਵਾਬੀ ਸਾਰੀ ਸਥਿਤੀ ਨੂੰ ਬਦਲ ਦਿੰਦੀ ਹੈ । ਜਿਵੇਂ ਜਵਾਹਰ ਲਾਲ ਨਹਿਰੂ ਨੂੰ ਮੌਕੇ ਤੇ ਇੱਕ ਪਾਗਲ ਆਪਣੇ ਅਨੁਸਾਰ ਉੱਤਰ ਦਿੰਦਾ ਹੈ । ਫਿਰ ਤਾਨਸੈਨ ਬਾਦਸ਼ਾਹ ਅਕਬਰ ਨੂੰ ਆਪਣੇ ਗੁਰੂ ਦੀ ਅਜ਼ਾਦੀ ਬਾਰੇ ਦੱਸਕੇ ਉਹਨਾਂ ਨੂੰ ਸੋਚਣ ਤੇ ਮਜ਼ਬੂਰ ਕਰ ਦਿੰਦਾ ਹੈ । ਅਖੀਰ ਵਿੱਚ ਅਸੀਂ ਪੜ੍ਹਦੇ ਹਾਂ ਕਿ ਤੇਨਾਲੀ ਰਾਮ ਦੀ ਚਤੁਰਾਈ ਅਤੇ ਹਾਜ਼ਰ - ਜਵਾਬੀ ਰਾਜੇ ਨੂੰ ਹਾਰ ਦੇਣ ਲਈ ਮਜ਼ਬੂਰ ਕਰ ਦਿੰਦੀ ਹੈ । ਸੋ ਮੌਕੇ ਤੇ ਉੱਤਰ ਅਜਿਹਾ ਦਿਓ ਕਿ ਸਾਹਮਣੇ ਵਾਲੇ ਨੂੰ ਗੁੱਸਾ ਵੀ ਨਾ ਆਵੇ ਅਤੇ ਤੁਸੀਂ ਆਪਣੇ ਮਨ ਦੀ ਗੱਲ ਵੀ ਕਹਿ ਲਵੋ । ਪੂਰੇ ਧੀਰਜ ਨਾਲ, ਸੋਚ - ਵਿਚਾਰ ਕੇ, ਚੰਗੀ ਸ਼ਬਦਾਵਲੀ ਦੀ ਵਰਤੋਂ ਕਰਕੇ ਸਾਹਮਣੇ ਵਾਲੇ ਨੂੰ ਸਮਝਾਓ ।

ਅਸੀਂ ਇਸ ਪ੍ਰਸੰਗ ਤੋਂ ਇਹ ਸਿੱਖਿਆ ਸੋਚ - ਸਮਝ ਕੇ ਸਹੀ ਮੌਕੇ ਤੇ ਸਹੀ ਉੱਤਰ ਦਿਓ। ਫਜ਼ੂਲ ਸ਼ਬਦਾਂ ਤੇ ਆਪਣਾ ਸਮਾਂ ਨਸ਼ਟ ਨਾ ਕਰੋ । ਪਿਆਰ ਦਾ ਰੰਗ - ਪੰਨਾ - 28 ਪ੍ਰਸ਼ਨ(3) ਪੰਨਾ - 29 (ਪ੍ਰਸ਼ਨ 1, 2) ਪੰਨਾ-30 (ਪ੍ਰਸ਼ਨ 3, 4, 5) ਵਿਦਿਆਰਥੀ ਕਿਤਾਬ ਤੇ ਹੀ ਹਲ ਕਰਨਗੇ ।

ਧੰਨਵਾਦ

(Last page)